# शेरांवाली दे दरबार रौनकां लगीयां रहंदीयां नें

ਸ਼ੇਰਾਂ ਵਾਲੀ ਦੇ ਦਰਬਾਰ
=================
ਸ਼ੇਰਾਂ, ਵਾਲੀ ਦੇ ਦਰਬਾਰ, ਰੌਣਕਾਂ ਲੱਗੀਆਂ ਰਹਿੰਦੀਆਂ ਨੇ ।
ਮੇਹਰਾਂ, ਵਾਲੀ ਦੇ ਦਰਬਾਰ, ਰੌਣਕਾਂ ਲੱਗੀਆਂ ਰਹਿੰਦੀਆਂ ਨੇ ।
ਜੋਤਾਂ, ਵਾਲੀ ਦੇ ਦਰਬਾਰ, ਰੌਣਕਾਂ ਲੱਗੀਆਂ ਰਹਿੰਦੀਆਂ ਨੇ ।
ਲੱਗੀਆਂ, ਰਹਿੰਦੀਆਂ ਨੇ, ਰੌਣਕਾਂ, ਲੱਗੀਆਂ ਰਹਿੰਦੀਆਂ ਨੇ* ॥
ਸ਼ੇਰਾਂ, ਵਾਲੀ ਦੇ ਦਰਬਾਰ,

ਨੰਗੇ ਪੈਰੀਂ, ਚੜ੍ਹਕੇ ਚੜ੍ਹਾਈਆਂ, "ਮਾਂ ਦੇ ਭਗਤ ਨੇ ਆਉਂਦੇ" ।
ਨੱਚ ਨੱਚ ਕੇ, ਓਹ ਢੋਲ ਦੇ ਅੱਗੇ, "ਮਾਂ ਨੂੰ ਅੱਜ ਮਨਾਉਂਦੇ" ॥
ਮਾਂ ਦੇ ਰੰਗ ਵਿੱਚ, ਰੰਗ ਕੇ ਸੰਗਤਾਂ, ਮੌਜ਼ਾਂ ਲੈਂਦੀਆਂ ਨੇ*,,,
ਸ਼ੇਰਾਂ, ਵਾਲੀ ਦੇ ਦਰਬਾਰ,

ਦੇਖ ਨਜ਼ਾਰਾ, ਮਾਂ ਦੇ ਦਰ ਦਾ, "ਹਰ ਕੋਈ ਦਰਸ਼ਨ ਪਾਉਂਦਾ" ।
ਛੋਟਾ ਵੱਡਾ, ਹਰ ਕੋਈ ਆ ਕੇ, "ਮਾਂ ਦੀ ਮਹਿਮਾ ਗਾਉਂਦਾ" ॥
ਭਗਤਾਂ ਦੀਆਂ, ਟੋਲੀਆਂ ਮਾਂ ਦੇ, ਵੇਹੜੇ ਬਹਿੰਦੀਆਂ ਨੇ,,,
ਸ਼ੇਰਾਂ, ਵਾਲੀ ਦੇ ਦਰਬਾਰ,

ਵਿੱਚ ਗੁਫ਼ਾ ਦੇ, ਬੈਠ ਕੇ ਦਾਤੀ, "ਕਰਦੀ ਸਭ ਨੂੰ ਨਿਹਾਲ" ।
ਸਭ ਭਗਤਾਂ ਤੇ, ਮੇਹਰਾਂ ਕਰਦੀ, "ਹੁੰਦੀ ਜਦੋਂ ਦਿਆਲ" ॥
ਸੁੱਖਾਂ ਦੀਆਂ, ਸੌਗਾਤਾਂ ਸਭ ਦੀ, ਝੋਲੀਆਂ ਪੈਂਦੀਆਂ ਨੇ*,,,
ਸ਼ੇਰਾਂ, ਵਾਲੀ ਦੇ ਦਰਬਾਰ,

ਪਾ ਪਾ ਚਿੱਠੀਆਂ, ਭਗਤਾਂ ਨੂੰ ਮਾਂ, "ਆਪਣੇ ਦਰ ਤੇ ਬੁਲਾਵੇ" ।
ਦਰ ਆਏ, ਭਗਤਾਂ ਨੂੰ ਮਈਆ, "ਆਪਣੇ ਚਰਣੀ ਲਾਵੇ" ॥
ਮਾਂਵਾਂ ਕਦੇ, ਬੱਚਿਆਂ ਕੋਲੋਂ, ਦੂਰ ਨਾ ਰਹਿੰਦੀਆਂ ਨੇ*,,,
ਸ਼ੇਰਾਂ, ਵਾਲੀ ਦੇ ਦਰਬਾਰ,
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33188/title/sheranwali-de-darbaar-Ronka-Lagiyan-Rehndiyan-ne

अपने Android मोबाइल पर BhajanGanga App डाउनलोड करें और भजनों का आनंद ले |